# ਇਸ ਬੋਨਫਾਇਰ ਸੀਜ਼ਨ ਵਿੱਚ ਸੁਰੱਖਿਅਤ ਢੰਗ ਨਾਲ ਜਸ਼ਨ ਮਨਾਓ

## ਬੋਨਫਾਇਰ

### ਹਮੇਸ਼ਾ

- ✓ ਆਪਣੀ ਧੂਣੀ/ਬੋਨਫਾਇਰ ਨੂੰ ਇਮਾਰਤਾਂ ਅਤੇ ਜਲਣਸ਼ੀਲ ਸਮੱਗਰੀ ਤੋਂ ਦੂਰ ਰੱਖੋ।
- ✓ ਕਿਸੇ ਜ਼ਿੰਮੇਵਾਰ ਬਾਲਗ ਦੀ ਦੇਖਰੇਖ ਹੇਠ ਹੀ ਬੋਨਫਾਇਰ ਬਾਲੋ।
- ✓ ਨੇੜੇ ਹੀ ਪਾਣੀ ਦਾ ਪ੍ਰਬੰਧ ਰੱਖੋ।
- ✓ ਚੰਗੀ ਤਰ੍ਹਾਂ ਪਿੱਛੇ ਹਟ ਕੇ ਖੜ੍ਹੇ ਹੋਵੋ ਅਤੇ ਪਾਲਤੂ ਜਾਨਵਰਾਂ ਤੇ ਬੱਚਿਆਂ ਨੂੰ ਦੂਰ ਰੱਖੋ।

### ਕਦੇ ਵੀ ਨਹੀਂ

- ✗ ਖਤਰਨਾਕ ਸਮੱਗਰੀ ਨਾ ਸਾੜੋ।
- ✗ ਧੂਣੀ/ਬੋਨਫਾਇਰ ਬਾਲਣ ਲਈ ਜਲਣਸ਼ੀਲ ਤਰਲ ਪਦਾਰਥਾਂ ਦੀ ਵਰਤੋਂ ਨਾ ਕਰੋ।
- ✗ ਧੂਣੀ/ਬੋਨਫਾਇਰ ਦੇ ਨੇੜੇ ਪਟਾਕੇ ਨਾ ਚਲਾਓ।
- ✗ ਧੁਖ ਰਹੀ ਧੂਣੀ ਨੂੰ ਬਗੈਰ ਨਿਗਰਾਨੀ ਦੇ ਨਾ ਛੱਡੋ।

**ਐਮਰਜੈਂਸੀ ਦੀ ਸਥਿਤੀ ਵਿੱਚ, ਹਮੇਸ਼ਾ 999 'ਤੇ ਡਾਇਲ ਕਰੋ**

Partner Version - Bonfire Season Leaflet A5 - Punjabi Gurmukhi.indd 1 13/10/2026 13:39



# ਪਟਾਕੇ ਅਤੇ ਫੁਲਝੜੀਆਂ

## ਹਮੇਸ਼ਾ

- ਸਿਰਫ਼ CE ਮਾਰਕ ਵਾਲੇ ਅਤੇ ਰਜਿਸਟਰਡ ਦੁਕਾਨਾਂ ਤੋਂ ਹੀ ਪਟਾਕੇ ਖਰੀਦੋ।
- ਵਰਤੋਂ ਤੋਂ ਪਹਿਲਾਂ ਹਰੇਕ ਪਟਾਕੇ ਜਾਂ ਫੁਲਝੜੀ 'ਤੇ ਦਿੱਤੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਮਝੋ।
- ਆਪਣੇ ਪਟਾਕਿਆਂ ਨੂੰ ਸੁਰੱਖਿਅਤ ਥਾਂ 'ਤੇ ਸਟੋਰ ਕਰੋ।
- ਫੁਲਝੜੀਆਂ ਫੜਦੇ ਸਮੇਂ ਦਸਤਾਨੇ ਪਾਓ।
- ਚੰਗੀ ਤਰ੍ਹਾਂ ਪਿੱਛੇ ਹਟ ਕੇ ਖੜ੍ਹੇ ਹੋਵੋ ਅਤੇ ਪਾਲਤੂ ਜਾਨਵਰਾਂ ਤੇ ਬੱਚਿਆਂ ਨੂੰ ਦੂਰ ਰੱਖੋ।

## ਕਦੇ ਵੀ ਨਹੀਂ

- ਜਿਸ ਪਟਾਕੇ ਨੂੰ ਅੱਗ ਲਗਾਈ ਗਈ ਹੋਵੇ, ਉਸ ਕੋਲ ਤੁਰੰਤ ਵਾਪਸ ਨਾ ਜਾਓ, ਭਾਵੇਂ ਉਹ ਨਾ ਵੀ ਚੱਲਿਆ ਹੋਵੇ।
- ਇੱਕ ਸਮੇਂ ਵਿੱਚ ਇੱਕ ਤੋਂ ਵੱਧ ਪਟਾਕੇ ਨਾ ਚਲਾਓ।
- ਪਟਾਕੇ ਨਾ ਸੁੱਟੋ।
- ਪਟਾਕਿਆਂ ਨੂੰ ਆਪਣੀ ਜੇਬ ਵਿੱਚ ਨਾ ਪਾਓ।

**ਐਮਰਜੈਂਸੀ ਦੀ ਸਥਿਤੀ ਵਿੱਚ, ਹਮੇਸ਼ਾ 999 'ਤੇ ਡਾਇਲ ਕਰੋ**